Punjabi

NHS

# ਕਾਨੂੰਨ ਬਦਲ ਰਿਹਾ ਹੈ
# 1 ਅਕਤੂਬਰ 2007 ਤੋਂ




SMOKEFREE




## ਵਿਸ਼ੇ ਵਸਤੂ

ਕਾਨੂੰਨ ਵਿਚ ਤਬਦੀਲੀ ਕਿਉਂ ਕੀਤੀ ਜਾ ਰਹੀ ਹੈ? 03

ਕਾਨੂੰਨ ਦਾ ਪਾਲਣ ਕਰਨ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ? 04

ਮੈਂ ਆਪਣੇ ਸਟਾਫ਼ ਨੂੰ ਕਿਵੇਂ ਤਿਆਰ ਕਰਾਂ? 05

ਉਮਰ ਦਾ ਸਬੂਤ ਮੈਂ ਕਿਵੇਂ ਮੰਗਾਂ? 06

ਕਾਨੂੰਨ ਵਿਚ ਹੋਈ ਤਬਦੀਲੀ ਕਿਸ ਤਰ੍ਹਾਂ ਲਾਗੂ ਕਰਵਾਈ ਜਾਏਗੀ? 07

ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ? 08

# ਕਾਨੂੰਨ ਬਦਲ ਰਿਹਾ ਹੈ

1 ਅਕਤੂਬਰ 2007 ਤੋਂ ਇੰਗਲੈਂਡ ਅਤੇ ਵੇਲਜ਼ ਵਿਚ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵਾਲੀਆਂ ਚੀਜ਼ਾਂ ਵੇਚਣਾ ਗ਼ੈਰ-ਕਾਨੂੰਨੀ ਹੋ ਜਾਏਗਾ। ਇਹ ਤਬਦੀਲੀ ਕਾਊਂਟਰ 'ਤੇ ਅਤੇ ਵੈਂਡਿੰਗ ਮਸ਼ੀਨਾਂ ਰਾਹੀਂ ਵੇਚੇ ਜਾਣ ਵਾਲੇ ਸਿਗਰਟਾਂ, ਸਿਗਾਰਾਂ, ਖ਼ੁਦ ਰੋਲ ਕਰਕੇ ਸਿਗਰਟ ਬਣਾਉਣ ਵਾਲੇ ਜਾਂ ਪਾਈਪਾਂ ਵਿਚ ਵਰਤੇ ਜਾਣ ਵਾਲੇ ਤਮਾਕੂ, ਅਤੇ ਸਿਗਰਟ ਰੋਲ ਕਰਨ ਵਾਲੇ ਕਾਗ਼ਜ਼ 'ਤੇ ਲਾਗੂ ਹੋਏਗੀ।

# ਕਾਨੂੰਨ ਵਿਚ ਤਬਦੀਲੀ ਕਿਉਂ ਕੀਤੀ ਜਾ ਰਹੀ ਹੈ?

ਤਮਾਕੂ ਪੀਣ ਦੇ ਆਦੀ ਜ਼ਿਆਦਾਤਰ ਬਾਲਿਗ਼ਾਂ ਨੂੰ ਇਹ ਆਦਤ ਉਸ ਵੇਲੇ ਪਈ ਜਦ ਉਹਨਾਂ ਦੀ ਉਮਰ 19 ਸਾਲ ਜਾਂ ਇਹਤੋਂ ਘੱਟ ਸੀ। ਹੁਣ ਬੱਚਿਆਂ ਅਤੇ ਨੌਜਵਾਨਾਂ ਨੂੰ ਇਹ ਆਦਤ ਪੈਣੋਂ ਰੋਕਣ ਲਈ ਅਤੇ ਤਮਾਕੂ ਪੀਣ ਕਾਰਣ ਉਹਨਾਂ ਦੀ ਸਿਹਤ ਨੂੰ ਹੋਣ ਵਾਲੇ ਗੰਭੀਰ ਖ਼ਤਰਿਆਂ ਤੋਂ ਬਚਾਉਣ ਲਈ ਕਾਨੂੰਨ ਵਿਚ ਇਹ ਤਬਦੀਲੀ ਕੀਤੀ ਜਾ ਰਹੀ ਹੈ।

ਤਮਾਕੂ ਵੇਚਣ ਦਾ ਫ਼ੈਸਲਾ ਕਰਨ ਕਰਕੇ ਤੁਹਾਨੂੰ ਆਪਣੇ ਕਈ ਕਾਨੂੰਨੀ ਫ਼ਰਜ਼ਾਂ ਦਾ ਵੀ ਪਾਲਣ ਕਰਨਾ ਪਏਗਾ, ਜਿਹਨਾਂ ਵਿਚੋਂ ਇਕ ਫ਼ਰਜ਼ ਇਹ ਹੈ ਕਿ ਤੁਸੀਂ ਤਮਾਕੂ ਵਾਲੀਆਂ ਚੀਜ਼ਾਂ ਉਹਨਾਂ ਨੂੰ ਨਹੀਂ ਵੇਚਣੀਆਂ ਜਿਹਨਾਂ ਦੀ ਉਮਰ 18 ਸਾਲ ਤੋਂ ਘੱਟ।

ਜੇ ਤੁਸੀਂ ਹੇਠ ਲਿਖੀਆਂ ਗੱਲਾਂ ਬਾਰੇ ਵਿਚਾਰ ਕਰੋ, ਤਾਂ ਇਹਦੇ ਕਾਰਣ ਤੁਹਾਨੂੰ ਸਮਝ ਆ ਜਾਣਗੇ:

- ਜ਼ਿੰਦਗੀ ਭਰ ਤਮਾਕੂ ਪੀਣ ਵਾਲੇ ਹਰ ਦੋ ਵਿਅਕਤੀਆਂ ਵਿਚੋਂ ਇਕ ਦੀ ਮੌਤ ਇਸੇ ਮਾੜੀ ਆਦਤ ਕਾਰਣ ਹੋਏਗੀ।
- ਤਮਾਕੂ ਪੀਣ ਵਾਲਾ ਜਾਂ ਵਾਲੀ ਜਿੰਨੀ ਹਲਕੀ ਉਮਰ ਵਿਚ ਇਹ ਕੰਮ ਸ਼ੁਰੂ ਕਰਦਾ ਜਾਂ ਕਰਦੀ ਹੈ ਉਹਦੀ ਮੌਤ ਇਸ ਆਦਤ ਕਾਰਣ ਹੋਣ ਦਾ ਖ਼ਤਰਾ ਉਂਨਾ ਹੀ ਵੱਧ ਹੁੰਦਾ ਹੈ।
- 15 ਸਾਲ ਦੀ ਉਮਰ ਵਿਚ ਤਮਾਕੂ ਪੀਣਾ ਸ਼ੁਰੂ ਕਰਨ ਵਾਲਿਆਂ ਦੀ ਤਮਾਕੂ ਨਾਲ ਹੋਏ ਕੈਂਸਰ ਨਾਲ ਮੌਤ ਹੋਣ ਦਾ ਖ਼ਤਰਾ ਪੰਝੀ ਕੁ ਸਾਲ ਦੀ ਉਮਰ ਵਿਚ ਤਮਾਕੂ ਪੀਣਾ ਸ਼ੁਰੂ ਕਰਨ ਵਾਲਿਆਂ ਨਾਲੋਂ ਤਿੰਨ ਗੁਣਾ ਵੱਧ ਹੋ ਸਕਦਾ ਹੈ।

# ਕਾਨੂੰਨ ਦਾ ਪਾਲਣ ਕਰਨ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ? (ਕਾਨੂੰਨੀ ਤੌਰ ’ਤੇ ਲਾਜ਼ਮੀ ਗੱਲਾਂ)

1 ਅਕਤੂਬਰ 2007 ਤੋਂ:

- 18 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਤਮਾਕੂ ਵਾਲੀਆਂ ਚੀਜ਼ਾਂ ਤੁਸੀਂ ਬਿਲਕੁਲ ਨਹੀਂ ਵੇਚ ਸਕਦੇ। ਇਹ ਨਵਾਂ ਕਾਨੂੰਨ ਉਸ ਪੁਰਾਣੇ ਕਾਨੂੰਨ ਦੀ ਥਾਂ ਲਏਗਾ ਜਿਹਦੇ ਅਨੁਸਾਰ 16 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਤਮਾਕੂ ਵਾਲੀਆਂ ਚੀਜ਼ਾਂ ਵੇਚਣਾ ਗ਼ੈਰ-ਕਾਨੂੰਨੀ ਹੈ।
- ਤੁਹਾਨੂੰ ਲਾਜ਼ਮੀ ਤੌਰ ’ਤੇ ਪੁਰਾਣੇ ਸਾਈਨਾਂ ਦੀ ਥਾਂ ਨਵੇਂ ਸਾਈਨ ਲਾਉਣੇ ਪੈਣਗੇ ਜਿਹਨਾਂ ’ਤੇ ਤਮਾਕੂ ਵਾਲੀਆਂ ਚੀਜ਼ਾਂ ਵੇਚਣ ਬਾਰੇ ਕਾਨੂੰਨੀ ਪਾਬੰਦੀ ਲਿਖੀ ਹੋਵੇ। ਇਹ ਸਾਈਨ ਉਸ ਥਾਂ ’ਤੇ ਲਾਇਆ ਜਾਣਾ ਚਾਹੀਦਾ ਹੈ ਜਿੱਥੇ ਇਹਨੂੰ ਤਮਾਕੂ ਖ਼ਰੀਦਣ ਆਇਆ/ਆਈ ਕੋਈ ਵੀ ਗਾਹਕ ਆਸਾਨੀ ਨਾਲ ਦੇਖ ਸਕੇ, ਅਤੇ ਤੁਹਾਨੂੰ ਅੱਗੇ ਦੱਸੀਆਂ ਹਿਦਾਇਤਾਂ ਦਾ ਪਾਲਣ ਵੀ ਲਾਜ਼ਮੀ ਤੌਰ ’ਤੇ ਕਰਨਾ ਚਾਹੀਦਾ ਹੈ।

## ਕਾਊਂਟਰ ’ਤੇ ਵੇਚਣ ਬਾਰੇ ਸਾਈਨ

ਅਸੀਂ ਤੁਹਾਡੇ ਵਰਤਣ ਲਈ ਸਾਈਨ ਸ਼ਾਮਿਲ ਕੀਤਾ ਹੈ। ਜੇ ਤੁਸੀਂ ਚਾਹੋ, ਤਾਂ ਕਾਨੂੰਨ ਦਾ ਪਾਲਣ ਕਰਨ ਲਈ ਆਪਣਾ ਸਾਈਨ ਵੀ ਬਣਾ ਸਕਦੇ ਹੋ ਜਾਂ ਕਿਸੇ ਹੋਰ ਸਾਈਨ ਦੀ ਵਰਤੋਂ ਕਰ ਸਕਦੇ ਹੋ:

- ਇਹਦੇ ’ਤੇ ਇਹ ਗੱਲ ਲਿਖਣਾ ਲਾਜ਼ਮੀ ਹੈ: ‘It is illegal to sell tobacco products to anyone under the age of 18’.
- ਇਹਦਾ ਘੱਟੋ ਘੱਟ ਸਾਈਜ਼ A3 (420 ਮਿਲੀਮੀਟਰ x 297 ਮਿਲੀਮੀਟਰ) ਅਤੇ ਇਹਦੇ ’ਤੇ ਲਿਖੇ ਜਾਣ ਵਾਲੇ ਅੱਖਰਾਂ ਦੀ ਘੱਟੋ ਘੱਟ ਉਚਾਈ ਲਾਜ਼ਮੀ ਤੌਰ ’ਤੇ 36 ਮਿਲੀਮੀਟਰ ਹੋਣੀ ਚਾਹੀਦੀ ਹੈ।

ਇਹ ਨਿਸ਼ਾਨ ਤੁਸੀਂ ਇਸ ਵੈੱਬਸਾਈਟ ਤੋਂ ਵੀ ਉਤਾਰ ਸਕਦੇ ਹੋ - www.tobaccoagechange.co.uk

## ਵੈਂਡਿੰਗ (ਪੈਸੇ ਪਾ ਕੇ ਚੀਜ਼ਾਂ ਕੱਢਣ ਵਾਲੀਆਂ) ਮਸ਼ੀਨਾਂ ’ਤੇ ਲਾਉਣ ਲਈ ਸਾਈਨ

ਤਮਾਕੂ ਵਾਲੀਆਂ ਚੀਜ਼ਾਂ ਵੇਚਣ ਵਾਲੀਆਂ ਸਭ ਵੈਂਡਿੰਗ ਮਸ਼ੀਨਾਂ ’ਤੇ ਨਵਾਂ ਸਾਈਨ ਲਾਉਣਾ ਲਾਜ਼ਮੀ ਹੈ। ਕਾਨੂੰਨ ਦਾ ਪਾਲਣ ਕਰਨ ਲਈ:

- ਵੈਂਡਿੰਗ ਮਸ਼ੀਨ ਦੇ ਸਾਈਨ ’ਤੇ ਲਾਜ਼ਮੀ ਤੌਰ ’ਤੇ ਇਹ ਲਿਖੋ, ‘This machine is only for the use of people aged 18 or over’.
- ਇਹਦਾ ਘੱਟੋ ਘੱਟ ਸਾਈਜ਼ 60 ਮਿਲੀਮੀਟਰ x 100 ਮਿਲੀਮੀਟਰ) ਅਤੇ ਇਹਦੇ ’ਤੇ ਲਿਖੇ ਜਾਣ ਵਾਲੇ ਅੱਖਰਾਂ ਦੀ ਘੱਟੋ ਘੱਟ ਉਚਾਈ ਲਾਜ਼ਮੀ ਤੌਰ ’ਤੇ 6 ਮਿਲੀਮੀਟਰ ਹੋਣੀ ਚਾਹੀਦੀ ਹੈ।
- ਮਸ਼ੀਨ ਦੀ ਵਰਤੋਂ ਕਰਨ ਵਾਲੇ ਹਰ ਵਿਅਕਤੀ ਨੂੰ ਇਹ ਲਾਜ਼ਮੀ ਤੌਰ ’ਤੇ ਸਪਸ਼ਟ ਦਿਸਣਾ ਚਾਹੀਦਾ ਹੈ।

ਤੁਹਾਡੇ ਥੋਕ ਤਮਾਕੂ ਵਪਾਰੀ ਨੇ ਜਾਂ ਵੈਂਡਿੰਗ ਮਸ਼ੀਨਾਂ ਵੇਚਣ ਵਾਲਿਆਂ ਨੇ ਜੇ ਇਹ ਸਾਈਨ ਤੁਹਾਨੂੰ ਹਾਲੇ ਤਕ ਨਹੀਂ ਦਿੱਤਾ ਤਾਂ ਉਹ ਇਹ ਸਾਈਨ ਦੇ ਸਕਦੇ ਹਨ।

# ਆਪਣੇ ਸਟਾਫ਼
# ਨੂੰ ਤਿਆਰ ਕਰਨਾ

ਪਰਚੂਨ ਵਪਾਰੀ ਦੇ ਤੌਰ 'ਤੇ ਤਮਾਕੂ ਅਤੇ ਉਮਰ ਦੀ ਹੱਦ ਦੀਆਂ ਪਾਬੰਦੀਆਂ ਵਾਲੀਆਂ ਹੋਰ ਚੀਜ਼ਾਂ ਵੇਚਣ ਦੇ ਮਸਲਿਆਂ ਦਾ ਤਜਰਬਾ ਸ਼ਾਇਦ ਪਹਿਲਾਂ ਹੀ ਹੈ। ਪਰ ਤਮਾਕੂ ਵੇਚਣ ਦੀ ਉਮਰ ਵਧਣ ਨਾਲ ਤੁਹਾਨੂੰ ਆਪਣੇ ਘੱਟ ਉਮਰ ਦੇ ਗਾਹਕਾਂ ਦੇ ਨਵੇਂ ਅੜੀਅਲ ਰਵੱਈਏ ਦਾ ਸਾਹਮਣਾ ਕਰਨਾ ਪਏਗਾ।

ਆਪਣੇ ਸਟਾਫ਼ ਨੂੰ ਕਾਨੂੰਨ ਬਾਰੇ, ਅਤੇ ਸਵਾਲ ਪੁੱਛਣ ਅਤੇ ਨਾਂਹ ਕਰਨ ਬਾਰੇ ਸਿਖਲਾਈ ਦੇਣ ਨਾਲ ਕਾਫ਼ੀ ਮਦਦ ਮਿਲ ਸਕਦੀ ਹੈ। ਇਹ ਕੁਝ ਮਿਸਾਲਾਂ ਹਨ ਕਿ ਤੁਸੀਂ ਕੀ ਕਰ ਸਕਦੇ ਹੋ:

- ☐ ਜੁਰਮ ਕਰਨੋਂ ਬਚਣ ਲਈ, ਤੁਸੀਂ ਕਾਨੂੰਨ ਵਿਚ ਹੋਈ ਤਬਦੀਲੀ ਬਾਰੇ ਆਪਣੇ ਸਟਾਫ਼ ਨੂੰ ਦੱਸੋ।
- ☐ ਤੁਸੀਂ ਇਸ ਸਿਖਲਾਈ ਦਾ ਰਿਕਾਰਡ ਰੱਖੋ ਅਤੇ ਸਟਾਫ਼ ਦੇ ਮੈਂਬਰਾਂ ਨੂੰ ਆਖੋ ਕਿ ਉਹ ਇਸ ਬਿਆਨ 'ਤੇ ਦਸਤਖ਼ਤ ਕਰਨ ਕਿ ਉਹਨਾਂ ਨੂੰ ਇਹ ਸਮਝ ਆ ਗਿਆ ਹੈ।
- ☐ ਸਟਾਫ਼ ਨੂੰ ਇਹ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿ ਜੇ ਉਹ 18 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਤਮਾਕੂ ਵੇਚਣਗੇ ਤਾਂ ਇਹ ਉਹਨਾਂ ਦਾ ਆਪਣਾ ਕਸੂਰ ਮੰਨਿਆ ਜਾਏਗਾ।

ਨਾਲ ਲਾਈ ਜਾਣਕਾਰੀ ਸ਼ੀਟ ਵਿਚ ਤੁਹਾਡੀ ਅਤੇ ਤੁਹਾਡੇ ਕਰਮਚਾਰੀਆਂ ਦੀ ਕਾਨੂੰਨ ਵਿਚ ਆਈ ਤਬਦੀਲੀ ਦਾ ਪਾਲਣ ਕਰਨ ਵਿਚ ਮਦਦ ਕਰਨ ਲਈ ਵੱਧ ਸਲਾਹ ਦਿੱਤੀ ਗਈ ਹੈ।

# ਉਮਰ ਦਾ
# ਸਬੂਤ ਮੰਗਣਾ

ਇਹ ਜਾਣ ਲੈਣਾ ਜ਼ਰੂਰੀ ਹੈ ਕਿ ਉਮਰ ਦਾ ਸਬੂਤ ਕਿਵੇਂ ਮੰਗਣਾ, ਅਤੇ ਖ਼ਰਾਬੀ ਕਰਨ ਵਾਲੇ ਗਾਹਕ ਨਾਲ ਕਿਵੇਂ ਨਿਪਟਣਾ ਚਾਹੀਦਾ ਹੈ। ਇਹ ਕੰਮ ਚੰਗੀ ਤਰ੍ਹਾਂ ਸੰਭਾਲਣ ਨਾਲ ਜ਼ਿੰਦਗੀ ਕਾਫ਼ੀ ਵੱਧ ਸੌਖੀ ਬਣ ਸਕਦੀ ਹੈ।

- ☐ **ਆਪਣੀ ਦੁਕਾਨ ਦੇ ਕਾਊਂਟਰ 'ਤੇ ਸਪਸ਼ਟ ਦਿਸਣ ਵਾਲਾ ਸਹੀ ਨਿਸ਼ਾਨ ਲਾਜ਼ਮੀ ਤੌਰ 'ਤੇ ਲਾਓ।** ਆਸ ਰੱਖੋ ਕਿ ਇਹਦੇ ਨਾਲ ਘੱਟ ਉਮਰ ਦੇ ਗਾਹਕ ਤਮਾਕੂ ਖ਼ਰੀਦਣ ਦੀ ਕੋਸ਼ਿਸ਼ ਹੀ ਨਹੀਂ ਕਰਨਗੇ, ਅਤੇ ਉਹਨਾਂ ਨੂੰ ਇਹ ਯਾਦ ਦੁਆਉਣ ਵਿਚ ਤੁਹਾਨੂੰ ਮਦਦ ਮਿਲੇਗੀ ਕਿ ਤੁਸੀਂ ਸਿਰਫ਼ ਕਾਨੂੰਨ ਦਾ ਪਾਲਣ ਹੀ ਕਰ ਰਹੇ ਹੋ।
- ☐ **ਸਮਝਦਾਰੀ ਅਤੇ ਨਿਮਰਤਾ ਨਾਲ ਗੱਲ ਕਰੋ।** ਨਾਂਹ ਹੋਣ ਕਰਕੇ ਉਹ ਪਰੇਸ਼ਾਨ ਹੋ ਸਕਦੇ ਹਨ। ਤੁਸੀਂ ਮੁਆਫ਼ੀ ਮੰਗੋ ਅਤੇ ਉਹਨਾਂ ਨੂੰ ਗੁੱਸੇ ਨਾ ਕਰੋ, ਅਤੇ ਨਾ ਹੀ ਖ਼ੁਦ ਗੁੱਸੇ ਹੋਵੋ।
- ☐ **ਸ਼ਾਂਤ ਰਹੋ।** ਜੇ ਉਹ ਗੁੱਸੇ ਹੋ ਜਾਣ, ਤਦ ਵੀ ਤੁਹਾਡਾ ਵਤੀਰਾ ਕਾਰੋਬਾਰੀ ਰਹਿਣਾ ਚਾਹੀਦਾ ਹੈ ਅਤੇ ਤੁਹਾਨੂੰ ਆਪਣੀ ਗੱਲ 'ਤੇ ਡਟੇ ਰਹਿਣਾ ਚਾਹੀਦਾ ਹੈ।
- ☐ **ਕਿਸੇ ਨੂੰ ਦੋਸ਼ ਨਾ ਦਿਓ।** ਤੁਸੀਂ ਇਹ ਕਹੋ ਕਿ ਉਮਰ ਦਾ ਸਬੂਤ ਮੰਗਣਾ ਤੁਹਾਡੇ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ, ਅਤੇ ਇਹ ਕੋਈ ਨਿਜੀ ਗੱਲ ਨਹੀਂ।
- ☐ **ਸੁਰੱਖਿਅਤ ਰਹੋ।** ਜੇ ਕੋਈ ਗਾਹਕ ਕੁੱਟ ਮਾਰ ਕਰਨ ਦਾ ਯਤਨ ਕਰੇ, ਜਾਂ ਧਮਕੀਆਂ ਦੇਵੇ, ਤਾਂ ਇਸ ਹਾਲਤ ਵਿਚੋਂ ਕਿਸੇ ਤਰ੍ਹਾਂ ਨਿਕਲ ਜਾਓ ਅਤੇ ਕਿਸੇ ਤੋਂ ਮਦਦ ਮੰਗੋ। ਜ਼ਿਆਦਾ ਮਾੜੀਆਂ ਹਾਲਤਾਂ ਵਿਚ ਪੁਲਿਸ ਨੂੰ ਬੁਲਾਓ।

ਸਭ ਤੋਂ ਚੰਗੀ ਸਲਾਹ ਇਹ ਹੈ ਕਿ ਜਦ ਤਕ ਕੋਈ ਵਿਅਕਤੀ ਦੇਖਣ ਨੂੰ ਘੱਟੋ ਘੱਟ 21 ਸਾਲਾਂ ਦਾ ਨਾ ਲਗਦਾ ਜਾਂ ਲਗਦੀ ਹੋਵੇ, ਤਾਂ ਸਦਾ ਉਮਰ ਦਾ ਸਬੂਤ ਮੰਗੋ। ਜੇ ਨਿਮਰਤਾ ਨਾਲ ਉਮਰ ਦਾ ਸਬੂਤ ਮੰਗਿਆ ਜਾਏ, ਤਾਂ ਸਹੀ ਉਮਰ ਵਾਲੇ ਲੋਕਾਂ ਨੂੰ ਆਪਣਾ ਫ਼ੋਟੋ ਪਛਾਣ ਕਾਰਡ ਦਿਖਾਉਣ ਵਿਚ ਕੋਈ ਇਤਰਾਜ਼ ਨਹੀਂ ਹੋਏਗਾ।

ਜੇ ਤੁਸੀਂ ਪਾਸਪੋਰਟ ਜਾਂ ਫ਼ੋਟੋ ਡ੍ਰਾਈਵਿੰਗ ਲਾਈਸੰਸ ਨਹੀਂ ਦੇਖ ਰਹੇ, ਤਾਂ ਉਮਰ ਦੇ ਸਬੂਤ ਵਾਲੇ ਕਾਰਡ 'ਤੇ ਪਾਸ (PASS) ਹੋਲੋਗਰਾਮ ਲੋਗੋ ਜ਼ਰੂਰ ਦੇਖੋ।

## ਫ਼ੋਟੋ ਵਾਲੇ ਕਿਹੜੇ ਪਛਾਣ ਸਬੂਤ ਮੰਨੇ ਜਾ ਸਕਦੇ ਹਨ:



ਪਾਸਪੋਰਟ




ਫ਼ੋਟੋ ਡ੍ਰਾਈਵਿੰਗ ਲਾਈਸੰਸ




ਸਿਟੀਜ਼ਨਕਾਰਡ




ਵੈਲੀਡੇਟ ਕਾਰਡ




ਪੋਰਟਮਨ 'ਪਰੂਵ ਇਟ' ਕਾਰਡ




ਪਾਸ ਹੋਲੋਗਰਾਮ ਲੋਗੋ

ਮਦਦ ਕਰਨ ਲਈ, ਡਿਪਾਰਟਮੈਂਟ ਆੱਫ਼ ਹੈਲਥ ਲੋਕਾਂ ਤਕ - ਅਤੇ ਖ਼ਾਸ ਤੌਰ 'ਤੇ ਤੇਰਾਂ ਤੋਂ ਉੱਨੀ ਸਾਲ ਦੇ ਨੌਜਵਾਨਾਂ ਤਕ - ਸੁਨੇਹਾ ਪਹੁੰਚਾਉਣ ਦੀ ਮੁਹਿੰਮ ਚਲਾ ਕੇ ਉਹਨਾਂ ਨੂੰ ਯਾਦ ਦੁਆਉਂਦਾ ਰਹੇਗਾ ਕਿ ਉਹਨਾਂ ਨੂੰ ਆਪਣੇ ਕੋਲ ਕਿਸੇ ਪ੍ਰਵਾਨਤ 'ਪਾਸ' ਸਕੀਮ ਤੋਂ ਲਿਆ ਉਮਰ ਦਾ ਸਬੂਤ ਰੱਖਣਾ ਚਾਹੀਦਾ ਹੈ।

# ਕਾਨੂੰਨ ਵਿਚ ਹੋਈ ਤਬਦੀਲੀ ਕਿਸ ਤਰ੍ਹਾਂ ਲਾਗੂ ਕਰਵਾਈ ਜਾਏਗੀ?

ਟ੍ਰੇਡਿੰਗ ਸਟੈਂਡਰਡਜ਼ ਅਫ਼ਸਰ ਤਮਾਕੂ ਵਾਲੀਆਂ ਚੀਜ਼ਾਂ ਘੱਟ ਉਮਰ ਦੇ ਗਾਹਕਾਂ ਨੂੰ ਵੇਚਣ ਬਾਰੇ ਕਾਨੂੰਨ ਲਾਗੂ ਕਰਵਾਉਣ ਦਾ ਕੰਮ ਕਰਦੇ ਰਹਿਣਗੇ।

1 ਅਕਤੂਬਰ 2007 ਤੋਂ, 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵਾਲੀਆਂ ਚੀਜ਼ਾਂ ਵੇਚਣ ਦੀ ਸਜ਼ਾ £2,500 ਤਕ ਜੁਰਮਾਨਾ ਹੈ।

ਗ਼ੈਰ-ਕਾਨੂੰਨੀ ਢੰਗ ਨਾਲ ਤਮਾਕੂ ਵੇਚਣ ਦੇ ਕਸੂਰਵਾਰ ਵੇਚਣ ਵਾਲਾ/ਵਾਲੀ ਕਰਮਚਾਰੀ ਅਤੇ ਕਾਰੋਬਾਰ ਦਾ ਮਾਲਿਕ ਦੋਵੇਂ ਹੋ ਸਕਦੇ ਹਨ, ਭਾਵੇਂ ਇਹ ਵੀ ਮੰਨਿਆ ਗਿਆ ਹੋਵੇ ਕਿ ਇਹ ਚੀਜ਼ਾਂ ਕਿਸੇ ਬਾਲਿਗ਼ ਲਈ ਖ਼ਰੀਦੀਆਂ ਜਾ ਰਹੀਆਂ ਸਨ, ਜਾਂ ਖ਼ਰੀਦਣ ਵਾਲਾ/ਵਾਲੀ ਦੀ ਉਮਰ ਦੇਖਣ ਨੂੰ 18 ਸਾਲ ਤੋਂ ਵੱਧ ਜਾਪਦੀ ਸੀ।

ਕਾਨੂੰਨੀ ਤੌਰ 'ਤੇ ਲਾਜ਼ਮੀ ਸਾਈਨ ਨਾ ਲਾਉਣ ਦੀ ਸਜ਼ਾ £1,000 ਤਕ ਜੁਰਮਾਨਾ ਹੋ ਸਕਦੀ ਹੈ। ਇਹ ਗੱਲ ਚੀਜ਼ਾਂ ਕਾਊਂਟਰ 'ਤੇ ਵੇਚਣ ਵਾਲਿਆਂ 'ਤੇ ਵੀ ਅਤੇ ਵੈਂਡਿੰਗ ਮਸ਼ੀਨਾਂ ਰਾਹੀਂ ਵੇਚਣ ਵਾਲਿਆਂ 'ਤੇ ਵੀ ਲਾਗੂ ਹੁੰਦੀ ਹੈ।

ਹੋਰ ਸਲਾਹ ਤੁਹਾਨੂੰ ਟ੍ਰੇਡਿੰਗ ਸਟੈਂਡਰਡਜ਼ ਡਿਪਾਰਟਮੈਂਟ ਤੋਂ ਮਿਲ ਸਕਦੀ ਹੈ। ਹੋਰ ਜਾਣਕਾਰੀ ਤੁਸੀਂ ਇਸ ਵੈੱਬਸਾਈਟ ਤੋਂ ਲਓ - www.tradingstandards.gov.uk/business/business.cfm




# ਮਦਦ ਅਤੇ ਸਲਾਹ

ਅਸੀਂ ਸਮਝਦੇ ਹਾਂ ਕਿ ਇਸ ਤਬਦੀਲੀ ਦਾ ਅਸਰ ਤੁਹਾਡੇ ਕਾਰੋਬਾਰ ਚਲਾਉਣ ਦੇ ਢੰਗਾਂ ’ਤੇ ਪਏਗਾ, ਅਤੇ ਅਸੀਂ ਕਾਨੂੰਨ ਵਿਚ ਆਈ ਤਬਦੀਲੀ ਦਾ ਪਾਲਣ ਕਰਨਾ ਤੁਹਾਡੇ ਲਈ ਸੌਖਾ ਬਣਾਉਣਾ ਚਾਹੁੰਦੇ ਹਾਂ।

ਜੇ ਤੁਸੀਂ ਕੋਈ ਸਵਾਲ ਪੁੱਛਣਾ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ ’ਤੇ ਜਾਓ - www.tobaccoagechange.co.uk ਜਾਂ ਆਪਣੇ ਇਲਾਕੇ ਦੇ ਟ੍ਰੇਡਿੰਗ ਸਟੈਂਡਰਡਜ਼ ਡਿਪਾਰਟਮੈਂਟ ਨਾਲ ਸੰਪਰਕ ਕਰੋ।

## ਕੁਝ ਹੋਰ ਵੈੱਬਸਾਈਟਾਂ ਜੋ ਤੁਹਾਡੇ ਲਈ ਫ਼ਾਇਦੇਮੰਦ ਹੋ ਸਕਦੀਆਂ ਹਨ

**ਟ੍ਰੇਡਿੰਗ ਸਟੈਂਡਰਡਜ਼ (Trading Standards)**
ਯੂ ਕੇ ਖਪਤਕਾਰਾਂ ਦੀ ਹਿਫ਼ਾਜ਼ਤ ਬਾਰੇ ਪੂਰੀ ਜਾਣਕਾਰੀ ਇੱਕੋ ਥਾਂ ਤੋਂ ਦੇਣ ਵਾਲੇ ਵੱਨ-ਸਟੌਪ ਸ਼ੌਪ।
www.tradingstandards.gov.uk

**ਲੈਕੋਰਜ਼ (LACORS)**
ਲੋਕਲ ਅਥਾਰਿਟੀਆਂ ਦੀਆਂ ਨਿਯਮ ਲਾਗੂ ਕਰਵਾਉਣ ਦੀਆਂ ਅਤੇ ਹੋਰ ਸੰਬੰਧਤ ਸੇਵਾਵਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਦਾਰ।
www.lacors.gov.uk

**ਪਾਸ ਸਕੀਮ (PASS Scheme)**
ਉਮਰ ਦਾ ਸਬੂਤ ਦੇਣ ਵਾਲੇ ਕਾਰਡਾਂ ਦੀ ਗਾਰੰਟੀ ਦੇਣ ਵਾਲੀ ਯੂ ਕੇ ਦੀ ਕੌਮੀ ਸਕੀਮ। www.pass-scheme.org.uk